Calgary

ਪਾਣੀ ਉਬਾਲ ਕੇ ਵਰਤਣ ਬਾਰੇ ਸਲਾਹ ਜਾਰੀ ਕੀਤੀ ਗਈ ਹੈ, ਜੋ ਤੁਰੰਤ ਪ੍ਰਭਾਵ ਨਾਲ ਲਾਗੂ ਹੈ।

ਸਾਰੇ ਨਿਵਾਸੀਆਂ ਅਤੇ ਕਾਰੋਬਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਨਲਕੇ ਦੇ ਸਾਰੇ ਪਾਣੀ ਨੂੰ ਕਿਸੇ ਵੀ ਢੰਗ ਨਾਲ ਵਰਤਣ ਤੋਂ ਪਹਿਲਾਂ ਇੱਕ ਮਿੰਟ ਲਈ ਚੰਗੀ ਤਰ੍ਹਾਂ ਉਬਾਲ ਲੈਣ, ਜਿਸ ਵਿੱਚ ਸ਼ਾਮਲ ਹਨ:

- ਪੀਣਾ, ਜਿਸ ਵਿੱਚ ਕਾਫੀ ਅਤੇ ਚਾਹ ਸ਼ਾਮਲ ਹਨ
- ਖਾਣਾ ਪਕਾਉਣ
- ਦੰਦ ਬੁਰਸ਼ ਕਰਨਾ
- ਕੱਚੇ ਭੋਜਨਾਂ ਦੀ ਸਫਾਈ ਕਰਨਾ
- ਬੱਚਿਆਂ ਲਈ ਫਾਰਮੂਲਾ ਜਾਂ ਜੂਸ ਤਿਆਰ ਕਰਨਾ
- ਬਰਫ਼ ਬਣਾਉਣਾ, ਆਦਿ।

ਪਾਣੀ ਦੇ ਘਰੇਲੂ ਫਿਲਟਰ ਕਾਫ਼ੀ ਨਹੀਂ ਹਨ ਅਤੇ ਉਨ੍ਹਾਂ ਵਿਚਲੇ ਪਾਣੀ ਨੂੰ ਵਰਤੋਂ ਤੋਂ ਪਹਿਲਾਂ ਉਬਾਲਣਾ ਅਜੇ ਵੀ ਜ਼ਰੂਰੀ ਹੈ।

ਕਾਰੋਬਾਰਾਂ ਲਈ:

ਭੋਜਨ ਸੇਵਾ ਸੰਸਥਾਵਾਂ, ਦੇਖਭਾਲ ਪ੍ਰਦਾਤਾਵਾਂ ਅਤੇ ਨਿੱਜੀ ਸੇਵਾ ਸਹੂਲਤਾਂ ਨੂੰ ਨਿਰਦੇਸ਼ਾਂ ਲਈ 1-833-476-4743 'ਤੇ ਐਨਵਾਇਰਨਮੈਂਟਲ ਪਬਲਿਕ ਹੈਲਥ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਸਫਾਈ ਕਰਦੇ ਸਮੇਂ:

- ਜੇਕਰ ਤੁਸੀਂ ਡਿਸ਼ਵਾਸ਼ਰ ਨਹੀਂ ਵਰਤ ਰਹੇ ਹੋ, ਤਾਂ ਭਾਂਡੇ ਧੋਣ ਜਾਂ ਸਤਹਾਂ ਸਾਫ਼ ਕਰਨ ਲਈ ਵਰਤਿਆ ਜਾਣ ਵਾਲਾ ਪਾਣੀ ਉਬਾਲਿਆ ਜਾਣਾ ਚਾਹੀਦਾ ਹੈ।
- ਨਹਾਉਣ ਅਤੇ ਕੱਪੜੇ ਧੋਣ ਲਈ ਵਰਤੇ ਜਾਣ ਵਾਲੇ ਪਾਣੀ ਨੂੰ ਉਬਾਲਣ ਦੀ ਲੋੜ ਨਹੀਂ ਹੁੰਦੀ।

ਸਿਹਤ ਸੰਬੰਧੀ ਸਵਾਲਾਂ ਅਤੇ ਪਾਣੀ ਉਬਾਲਣ ਦੀਆਂ ਪ੍ਰਕਿਰਿਆਵਾਂ ਬਾਰੇ ਵਾਧੂ ਜਾਣਕਾਰੀ ਲਈ ਕਿਰਪਾ ਕਰਕੇ ਹੈਲਥ ਲਿੰਕ ਨਾਲ 811 'ਤੇ ਸੰਪਰਕ ਕਰੋ।

ਅੱਪਡੇਟਾਂ ਲਈ ਕਿਰਪਾ ਕਰਕੇ 311 'ਤੇ ਕਾਲ ਕਰੋ ਜਾਂ **calgary.ca/boilwateradvisory** 'ਤੇ ਜਾਓ।

26-0058354 | CRV-49912